Alberta

**ਨਿਊਜ਼** ਰਿਲੀਜ਼

# ਬਜਟ 2024: ਅਲਬਰਟਾ ਦੇ ਆਰਥਿਕ ਲਾਭ ਨੂੰ ਕਾਇਮ ਰੱਖਣਾ

29 ਫਰਵਰੀ, 2024

---

ਅਗਲੇ ਸਾਲ ਲਈ ਅਲਬਰਟਾ ਸਰਕਾਰ ਦੀ ਵਿੱਤੀ ਯੋਜਨਾ ਅਰਥ ਵਿਵਸਥਾ ਦੇ ਵਿਕਾਸ ਅਤੇ ਵਿਭਿੰਨਤਾ ਲਈ ਵੱਡੇ ਨਿਵੇਸ਼ ਕਰਦੀ ਹੈ।

"ਬਜਟ 2024 ਵਿਵਿਧਤਾ ਉਤਪੰਨ ਕਰਨ, ਨਵੇਂ ਨਿਵੇਸ਼ ਨੂੰ ਆਕਰਸ਼ਿਤ ਕਰਨ ਅਤੇ ਹੋਰ ਨੌਕਰੀਆਂ ਪ੍ਰਦਾਨ ਕਰਨ ਲਈ ਸਾਡੀ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ।"
*ਨੈਟ ਹਾਰਨਰ, ਵਿੱਤ ਮੰਤਰੀ*

ਅਲਬਰਟਾ ਪਹਿਲਾਂ ਤੋਂ ਹੀ ਕੈਨੇਡਾ ਦੀ ਅਰਥ ਵਿਵਸਥਾ ਵਿੱਚ ਆਪਣੇ ਆਕਾਰ ਨਾਲੋਂ ਬਿਹਤਰ ਪ੍ਰਦਰਸ਼ਨ ਕਰ ਰਿਹਾ ਹੈ। ਕੈਨੇਡਾ ਵਿੱਚ ਪਿਛਲੇ ਸਾਲ ਉਤਪੰਨਸਾਰੀਆਂ ਨੌਕਰੀਆਂ ਵਿੱਚੋਂ 22 ਫੀਸਦੀ ਤੋਂ ਵੱਧ ਅਲਬਰਟਾ, ਜਿਸਦੀ ਆਬਾਦੀ ਸਿਰਫ 12 ਫੀਸਦੀ ਹੈ, ਵਿੱਚ ਸਨ। ਅਲਬਰਟਾ ਵਿੱਚ ਸਭ ਤੋਂ ਵੱਧ ਹਫਤਾਵਾਰੀ ਕਮਾਈ ਅਤੇ ਸਭ ਤੋਂ ਘੱਟ ਟੈਕਸ ਵੀ ਹਨ ਅਤੇ ਨਵੇਂ ਆਉਣ ਵਾਲਿਆਂ ਨੂੰ ਬਹੁਤ ਸਾਰੇ ਪ੍ਰੋਤਸਾਹਨ ਪ੍ਰਦਾਨ ਕਰਦਾ ਹੈ।

ਇਹਨਾਂ ਫਾਇਦਿਆਂ ਦਾ ਵਿਸਤਾਰ ਕਰਨ ਲਈ, ਬਜਟ 2024 ਅਲਬਰਟਾ ਇਜ਼ ਕਾਲਿੰਗ (Alberta is Calling) ਆਕਰਸ਼ਨ ਬੋਨਸ, ਹੁਨਰਮੰਦ ਟ੍ਰੇਡਾਂ ਵਿੱਚ ਕਾਮਿਆਂ ਨੂੰ ਆਕਰਸ਼ਿਤ ਕਰਨ ਲਈ $5,000 ਦਾ ਰਿਫੰਡੇਬਲ ਟੈਕਸ ਕ੍ਰੈਡਿਟ ਹੈ, ਪੇਸ਼ ਕਰਦਾ ਹੈ। ਕੁੱਲ $10 ਮਿਲੀਅਨ ਦਿੱਤੇ ਜਾਣਗੇ।

ਬਜਟ 2024 ਮਿਉਂਸਪਲ ਬੁਨਿਆਦੀ ਢਾਂਚੇ ਦੀ ਫੰਡਿੰਗ ਅਤੇ ਨਵੀਂ ਸਥਾਨਕ ਵਿਕਾਸ ਅਤੇ ਸਥਿਰਤਾ ਗ੍ਰਾਂਟ (Local Growth and Sustainability Grant) ਵਿੱਚ $724 ਮਿਲੀਅਨ ਦੇ ਨਾਲ ਭਾਈਚਾਰਿਆਂ ਦੇ ਵਿਕਾਸ ਦਾ ਸਮਰਥਨ ਕਰਦਾ ਹੈ, ਜਿਸ ਵਿੱਚ ਭਾਈਚਾਰਿਆਂ ਵਿੱਚ ਵਿਸ਼ੇਸ਼ ਉੱਭਰ ਰਹੀਆਂ ਲੋੜਾਂ ਲਈ $60 ਮਿਲੀਅਨ ਹਨ।

ਮਜ਼ਦੂਰਾਂ ਦੀ ਘਾਟ ਨੂੰ ਹੱਲ ਕਰਨ ਲਈ, ਵਿੱਤੀ ਯੋਜਨਾ ਅਪ੍ਰੈਂਟਿਸਸ਼ਿਪ ਪ੍ਰੋਗਰਾਮਾਂ ਵਿੱਚ 3,200 ਨਵੀਆਂ ਥਾਵਾਂ ਲਈ $100 ਮਿਲੀਅਨ ਸ਼ਾਮਿਲ ਕਰਦੀ ਹੈ।

ਹੋਰ $361 ਮਿਲੀਅਨ ਟਰੇਡ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਬਣਾਉਣ ਅਤੇ ਅਪਗ੍ਰੇਡ ਕਰਨ ਲਈ ਹਨ।

# ਨਿਊਜ਼ ਰਿਲੀਜ਼

ਅਤੇ ਛੋਟੇ ਬੱਚਿਆਂ ਦੇ ਮਾਤਾ-ਪਿਤਾਂ ਲਈ, ਬਜਟ ਵਿੱਚ  ਚਾਇਲਡ ਕੇਅਰ ਸੇਵਾਵਾਂ ਦੇ ਲਈ $1.5 ਬਿਲੀਅਨ ਹਨ, ਜੋ ਕਿ $200 ਮਿਲੀਅਨ ਦਾ ਵਾਧਾ ਹੈ।

**ਮੀਡੀਆ ਪੁੱਛਗਿੱਛ**

Savannah Johannsen (ਸਵੈਨਾ ਜੋਹੈਨਸਨ)

savannah.johannsen@gov.ab.ca
780-686-3521
ਪ੍ਰੈਸ ਸਕੱਤਰ, ਟ੍ਰੇਜ਼ਰੀ ਬੋਰਡ ਅਤੇ ਵਿੱਤ